ਡਾਇਰੈਕਟੋਰੇਟ,
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ੍ਹ
(ਮਨਿਓਰਿਟੀ ਸ਼ਾਖਾ)

ਸੇਵਾ ਵਿਖੇ

ਸਕੱਤਰ-ਕਮ-ਡਾਇਰੈਕਟਰ ਜਨਰਲ, ਸਕੂਲ ਸਿੱਖਿਆ,
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸੈਕਟਰ-62,
ਐਸ.ਏ.ਐਸ.ਨਗਰ (ਮੋਹਾਲੀ)।

ਮੀਮੋ ਨੰ: DW/CS(MW)-3/159/616
ਮਿਤੀ, ਚੰਡੀਗੜ੍ਹ; 14/5/13

ਵਿਸ਼ਾ:- ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਨੂੰ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਜ਼ੀਫੇ ਦੇਣ ਸਬੰਧੀ- ਸੈਸ਼ਨ- 2013-14

ਉਪਰੋਕਤ ਵਿਸ਼ਾ ਸਕੀਮ ਇਸ ਵਿਭਾਗ ਵੱਲੋਂ ਮਨਿਸਟਰੀ ਆਫ ਮਨਿਓਰਿਟੀ ਅਫੇਅਰਜ਼, ਭਾਰਤ ਸਰਕਾਰ ਦੇ ਸਹਿਯੋਗ ਨਾਲ ਲਾਗੂ ਕੀਤੀ ਜਾ ਰਹੀ ਹੈ। ਇਸ ਸਕੀਮ ਤਹਿਤ ਪਹਿਲੀ ਤੋਂ ਦਸਵੀਂ ਤੱਕ ਦੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਜਾਂਦੀ ਹੈ।

ਮਨਿਸਟਰੀ ਆਫ ਮਨਿਓਰਿਟੀ ਅਫੇਅਰਜ਼ ਦੀਆ ਗਾਈਡ-ਲਾਈਨਜ਼ ਮੁਤਾਬਿਕ ਇਸ ਵਿਭਾਗ ਵੱਲੋਂ ਮਿਤੀ 1-5-2013 ਨੂੰ ਹੇਠ ਲਿਖੇ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਹੈ:-

1. ਟਾਈਮਜ਼ ਆਫ ਇੰਡੀਆ
2. ਹਿੰਦੁਸਤਾਨ ਟਾਈਮਜ਼
3. ਅਜੀਤ (ਪੰਜਾਬੀ)
4. ਜਗਬਾਣੀ (ਪੰਜਾਬੀ)
5. ਪੰਜਾਬੀ ਜਾਗਰਣ
6. ਅਮਰ ਉਜਾਲਾ (ਹਿੰਦੀ)

ਇਸ਼ਤਿਹਾਰ ਦੀ ਤ੍ਰੁੱਕ ਨੱਥੀ ਕੀਤੀ ਜਾਂਦੀ ਹੈ। ਇਸ਼ਤਿਹਾਰ ਵਿੱਚ ਦਿੱਤੇ ਗਏ ਟਾਈਮ-ਲਾਈਨਜ਼ ਮੁਤਾਬਿਕ ਵਿਦਿਆਰਥੀਆਂ ਵੱਲੋਂ ਅਪਲਾਈ ਕਰਨ ਦੀ ਆਖਰੀ ਮਿਤੀ 31-8-2013 ਨਿਸ਼ਚਿਤ ਕੀਤੀ ਗਈ ਹੈ ਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਆਪਣੇ-ਆਪਣੇ ਜ਼ਿਲ੍ਹੇ ਦਾ ਡਾਟਾ ਸੀ.ਡੀ. ਬਣਾਕੇ ਇਸ ਦਫਤਰ ਨੂੰ ਮਿਤੀ 15-9-2013 ਤੱਕ ਭੇਜਣ ਲਈ ਕਿਹਾ ਗਿਆ ਹੈ।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਇਸ਼ਤਿਹਾਰ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕਰਨ ਦੀ ਖੇਚਲ ਕੀਤੀ ਜਾਵੇ ਕਿ ਉਹ ਆਪਣੇ-ਆਪਣੇ ਜ਼ਿਲ੍ਹਿਆਂ ਦੀ ਤਜਵੀਜ਼ ਇਸ਼ਤਿਹਾਰ ਅਨੁਸਾਰ ਮਿਤੀ 15-9-2013 ਤੱਕ ਹਰ ਹਾਲਤ ਵਿੱਚ ਇਸ ਦਫਤਰ ਨੂੰ ਭੇਜਣ ਤਾਂ ਜੋ ਭਾਰਤ ਸਰਕਾਰ ਨੂੰ ਤਜਵੀਜ਼ ਸਮੇਂ ਸਿਰ ਭੇਜੀ ਜਾ ਸਕੇ।

ਡਾਇਰੈਕਟਰ

ਪਿੱਠਅੰਕਣ ਨੰ: DW/CS(MW)-3/159/617-619 ਮਿਤੀ, ਚੰਡੀਗੜ੍ਹ; 14/5/13
ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਕੱਤਰ, ਸਕੂਲ ਸਿੱਖਿਆ, ਪੰਜਾਬ, ਸੈਕਟਰ-62, ਐਸ.ਏ.ਐਸ.ਨਗਰ।
2. ਡਾਇਰੈਕਟਰ, ਸਕੂਲ ਸਿੱਖਿਆ (ਐਲੀਮੈਂਟਰੀ), ਸੈਕਟਰ-62, ਐਸ.ਏ.ਐਸ.ਨਗਰ।
3. ਡਾਇਰੈਕਟਰ, ਸਕੂਲ ਸਿੱਖਿਆ (ਸੈਕੰਡਰੀ), ਸੈਕਟਰ-62, ਐਸ.ਏ.ਐਸ.ਨਗਰ।

ਡਾਇਰੈਕਟਰ